# ਵਾਤਾਵਰਨ ਗੁਣਵੱਤਾ ਪ੍ਰੋਤਸਾਹਨ ਪ੍ਰੋਗਰਾਮ (EQIP)

## ਕੀ EQIP ਮੇਰੇ ਲਈ ਢੁਕਵਾਂ ਹੈ?



### ਕੀ ਤੁਸੀਂ ਹੇਠ ਲਿਖਿਆਂ ਦਾ 'ਹਾਂ' ਵਿੱਚ ਜਵਾਬ ਦੇ ਸਕਦੇ ਹੋ?

#### ਤਾਂ EQIP ਤੁਹਾਡੇ ਕਾਰਜ ਸੰਚਾਲਨ ਲਈ ਢੁਕਵਾਂ ਹੋ ਸਕਦਾ ਹੈ

- ☑ ਮੈਂ ਖੇਤੀਬਾੜੀ ਜਾਂ ਜੰਗਲਾਤ ਉਤਪਾਦਨ, ਜਿਵੇਂ ਕੀ ਫਸਲਾਂ ਦੀ ਜ਼ਮੀਨ, ਰੇਂਜਲੈਂਡ, ਘਾਹ ਦੇ ਮੈਦਾਨ ਜਾਂ ਚਰਾਗਾਹ ਲਈ ਜ਼ਮੀਨ ਦੀ ਮਲਕੀਅਤ ਵਾਲਾ(ਲੀ) ਹਾਂ ਜਾਂ ਇਸ ਨੂੰ ਕਿਰਾਏ ਤੇ ਲੈਂਦਾ(ਦੀ) ਹਾਂ ਅਤੇ ਪ੍ਰਬੰਧਿਤ ਕਰਦਾ(ਦੀ) ਹਾਂ।
- ☑ ਮੇਰੇ ਕੋਲ ਜ਼ਮੀਨ ਦਾ ਨਿਯੰਤਰਣ ਹੈ ਜਿਵੇਂ ਕਿ ਮਲਕੀਅਤ ਜਾਂ ਲੀਜ਼ ਰਾਹੀਂ।
- ☑ ਜੇਕਰ ਮੇਰੇ ਸੰਭਾਲ ਕਾਰਜ ਵਿੱਚ ਸਿੰਚਾਈ ਪ੍ਰਣਾਲੀ ਦੇ ਸੁਧਾਰਾਂ ਦੇ ਨਾਲ ਪਾਣੀ ਦੀ ਸੰਭਾਲ ਸ਼ਾਮਲ ਹੈ ਤਾਂ ਮੈਂ ਸਿੰਚਾਈ ਦੇ ਇਤਿਹਾਸ ਨੂੰ ਸਾਬਤ ਕਰ ਸਕਦਾ(ਦੀ) ਹਾਂ।
- ☑ ਮੇਰੀ ਜ਼ਮੀਨ ਬਹੁਤ ਜ਼ਿਆਦਾ ਖੋਰ ਵਾਲੀ ਜ਼ਮੀਨ ਅਤੇ ਗਿੱਲੀ ਜ਼ਮੀਨ (ਵੈਟਲੈਂਡ) ਸੰਭਾਲ ਨਿਰਧਾਰਨ ਪ੍ਰਬੰਧਾਂ ਦੀ ਪਾਲਣਾ ਕਰਦੀ ਹੈ (ਜੇ ਇਸ ਬਾਰੇ ਯਕੀਨੀ ਤੌਰ ਤੇ ਪਤਾ ਨਹੀਂ ਹੈ ਤਾਂ ਆਪਣੇ ਸਥਾਨਕ USDA ਸੇਵਾ ਕੇਂਦਰ ਨੂੰ ਪੁੱਛੋ)।
- ☑ ਮੈਂ ਫਾਰਮ ਸਰਵਿਸ ਏਜੰਸੀ ਨਾਲ ਆਪਣੇ ਅਤੇ ਮੇਰੇ ਕਾਰਜ ਸੰਚਾਲਨ ਲਈ ਫਾਰਮ ਦੇ ਰਿਕਾਰਡ ਸਥਾਪਿਤ ਜਾਂ ਅੱਪਡੇਟ ਕੀਤੇ ਹਨ।
- ☑ ਮੇਰੇ ਕੋਲ IRS ਦੁਆਰਾ ਜਾਰੀ ਕੀਤਾ ਗਿਆ ਸਮਾਜਿਕ ਸੁਰੱਖਿਆ ਨੰਬਰ ਜਾਂ ਰੁਜ਼ਗਾਰਦਾਤਾ ਪਛਾਣ ਨੰਬਰ ਹੈ।
- ☑ ਮੇਰੀ ਔਸਤ ਕੁੱਲ ਆਮਦਨ $900,000 ਤੋਂ ਘੱਟ ਹੈ (ਭਾਰਤੀ ਜਨਜਾਤੀਆਂ ਤੇ ਲਾਗੂ ਨਹੀਂ ਹੁੰਦੀ)।
- ☑ ਜੇ ਮੈਂ ਕਿਸੇ ਇਕਾਈ ਜਾਂ ਸਾਂਝੇ ਸੰਚਾਲਨ ਦਾ(ਦੀ) ਮੈਂਬਰ ਹਾਂ, ਤਾਂ ਮੇਰੇ ਕੋਲ ਕਾਰੋਬਾਰ ਲਈ ਪ੍ਰਬੰਧਨ ਦੇ ਫੈਸਲੇ ਲੈਣ ਦਾ ਅਧਿਕਾਰ ਹੈ।

### EQIP ਕੀ ਹੈ?

ਵਾਤਾਵਰਨ ਗੁਣਵੱਤਾ ਪ੍ਰੋਤਸਾਹਨ ਪ੍ਰੋਗਰਾਮ (EQIP) ਖੇਤਾਂ ਦੀਆਂ ਫਸਲਾਂ, ਵਿਸ਼ੇਸ਼ਤਾ ਵਾਲੀਆਂ ਫਸਲਾਂ, ਜੈਵਿਕ, ਸੀਮਤ ਪਸ਼ੂਆਂ ਅਤੇ ਉਨ੍ਹਾਂ ਨੂੰ ਚਰਾਉਣ ਅਤੇ ਗੈਰ-ਉਦਯੋਗਿਕ ਨਿੱਜੀ ਜੰਗਲਾਤ ਜ਼ਮੀਨ ਸਮੇਤ ਕਾਰਜਕਾਰੀ ਜ਼ਮੀਨਾਂ ਲਈ ਤਕਨੀਕੀ ਅਤੇ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ।

ਜ਼ਮੀਨ ਤੇ ਉਤਪਾਦਨ ਨਾ ਕਰਨ ਦੀ ਬਜਾਏ, EQIP ਕਿਸਾਨਾਂ ਨੂੰ ਕਾਰਜਕਾਰੀ ਲੈਂਡਸਕੇਪਾਂ 'ਤੇ ਕੁਦਰਤੀ ਸਰੋਤਾਂ ਦੀ ਸੰਭਾਲ ਕਰਦੇ ਹੋਏ ਉਤਪਾਦਨ ਨੂੰ ਕਾਇਮ ਰੱਖਣ ਜਾਂ ਬਿਹਤਰ ਬਣਾਉਣ ਵਿੱਚ ਮਦਦ ਕਰਦਾ ਹੈ।

### ਇਸ ਦੇ ਕੀ ਲਾਭ ਹਨ?

EQIP ਬਹੁਤ ਸਾਰੇ ਲਾਭ ਪ੍ਰਦਾਨ ਕਰ ਸਕਦਾ ਹੈ, ਜਿਸ ਵਿੱਚ ਪਾਣੀ ਅਤੇ ਹਵਾ ਦੀ ਗੁਣਵੱਤਾ ਵਿੱਚ ਸੁਧਾਰ, ਜ਼ਮੀਨੀ ਅਤੇ ਸਤਹ ਦਾ ਪਾਣੀ ਸੁਰੱਖਿਅਤ ਕਰਨਾ, ਮਿੱਟੀ ਦੀ ਸਿਹਤ ਨੂੰ ਵਧਾਉਣਾ ਅਤੇ ਮਿੱਟੀ ਦੀ ਖੋਰ ਅਤੇ ਗਾਦ ਵਿੱਚ ਕਮੀ, ਜੰਗਲੀ ਜੀਵਾਂ ਦੇ ਨਿਵਾਸ ਸਥਾਨ ਵਿੱਚ ਸੁਧਾਰ ਜਾਂ ਉਸ ਨੂੰ ਬਣਾਇਆ ਜਾਣਾ ਅਤੇ ਸੋਕੇ ਅਤੇ ਮੌਸਮ ਦੀਆਂ ਵੱਧ ਰਹੀਆਂ ਅਤਿਅੰਤਤਾਵਾਂ ਨੂੰ ਘਟਾਉਣਾ ਸ਼ਾਮਲ ਹੈ।


ਉਦਾਹਰਣ ਲਈ, EQIP ਹੇਠਾਂ ਦਿੱਤੀਆਂ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ:

- ਖੇਤੀਬਾੜੀ ਦੇ ਸਰੋਤਾਂ ਤੋਂ ਗੰਦਗੀ ਨੂੰ ਘਟਾਓਣ ਵਿੱਚ, ਜਿਵੇਂ ਕਿ ਪਸ਼ੂਆਂ ਦੇ ਚਰਣ ਦੇ ਕੰਮ ਵਿੱਚ।
- ਪੌਸ਼ਟਿਕ ਤੱਤਾਂ ਦੀ ਕੁਸ਼ਲਤਾ ਨਾਲ ਵਰਤੋਂ ਕਰਨ, ਨਿਵੇਸ਼ ਲਾਗਤਾਂ ਨੂੰ ਘਟਾਓਣ ਅਤੇ ਗੈਰ-ਪੁਆਇੰਟ ਸਰੋਤ ਪ੍ਰਦੂਸ਼ਣ ਨੂੰ ਘਟਾਓਣ ਵਿੱਚ।
- ਮੌਸਮ ਦੀ ਵਧਦੀ ਅਸਥਿਰਤਾ ਅਤੇ ਸੋਕੇ ਪ੍ਰਤੀ ਸਹਿਣਸ਼ੀਲਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਨ ਲਈ ਮਿੱਟੀ ਦੀ ਸਿਹਤ ਨੂੰ ਵਧਾਓਣ ਵਿੱਚ।

### EQIP ਕਿਵੇਂ ਕੰਮ ਕਰਦਾ ਹੈ?

EQIP ਉਹਨਾਂ ਉਤਪਾਦਕਾਂ ਨੂੰ ਸਹਿਯੋਗ ਦਿੰਦਾ ਹੈ ਜੋ ਢਾਂਚਾਗਤ, ਬਨਸਪਤਿਕ ਅਤੇ ਪ੍ਰਬੰਧਨ ਅਭਿਆਸਾਂ ਨੂੰ ਲਾਗੂ ਕਰਕੇ ਆਪਣੇ ਕਾਰਜ ਦੇ ਕੁਦਰਤੀ ਸਰੋਤਾਂ ਨੂੰ ਬਿਹਤਰ ਅਤੇ ਕਾਇਮ ਰੱਖਦੇ ਹਨ।

ਉਦਾਹਰਨ ਲਈ, ਜੇਕਰ ਤੁਸੀਂ ਆਪਣੀ ਯੋਗ ਜ਼ਮੀਨ 'ਤੇ ਸਿੰਚਾਈ ਕੁਸ਼ਲਤਾ ਨੂੰ ਬਿਹਤਰ ਬਣਾਉਣ, ਚਰਾਗਾਹਾਂ ਜਾਂ ਪੌਸ਼ਟਿਕ ਤੱਤਾਂ ਅਤੇ ਕੀੜਿਆਂ ਦੇ ਪ੍ਰਬੰਧਨ ਲਈ EQIP ਸੰਭਾਲ ਅਭਿਆਸਾਂ ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ NRCS ਤਕਨੀਕੀ ਸਹਾਇਤਾ ਦੀ



ਪੇਸ਼ਕਸ਼ ਕਰਦੀ ਹੈ ਅਤੇ EQIP ਇੱਕ ਇਕਰਾਰਨਾਮੇ ਦੁਆਰਾ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ।

ਜੇਕਰ ਤੁਸੀਂ NRCS ਨਾਲ ਕੰਮ ਕਰਨ ਦਾ ਫੈਸਲਾ ਲੈਂਦੇ ਹੋ, ਤਾਂ ਤੁਹਾਨੂੰ ਆਪਣੀ ਮੌਜੂਦਾ ਪ੍ਰਬੰਧਨ ਪ੍ਰਣਾਲੀ ਦਾ ਮੁਲਾਂਕਣ ਕਰਨ ਅਤੇ ਤੁਹਾਡੀ ਜ਼ਮੀਨ 'ਤੇ ਕੁਦਰਤੀ ਸਰੋਤਾਂ ਦਾ ਮੁਲਾਂਕਣ ਕਰਨ ਲਈ ਸਥਾਨਕ NRCS ਸੰਭਾਲ ਯੋਜਨਾਕਾਰ ਤੋਂ ਆਹਮੋ-ਸਾਹਮਣੇ ਦੀ ਸਲਾਹ ਪ੍ਰਾਪਤ ਹੋਵੇਗੀ। ਫਿਰ ਤੁਸੀਂ ਇੱਕ ਅਜਿਹੀ ਮੁਫਤ ਸੰਭਾਲ ਯੋਜਨਾ ਵਿਕਸਿਤ ਕਰਨ ਲਈ NRCS ਸੰਭਾਲ ਯੋਜਨਾਕਾਰ ਨਾਲ ਕੰਮ ਕਰੋਗੇ ਜੋ ਪਛਾਣੇ ਗਏ ਸਰੋਤਾਂ ਤੇ ਚਿੰਤਾਵਾਂ ਨੂੰ ਸੰਬੋਧਿਤ ਕਰਦੀ ਹੈ।

ਇੱਕ ਵਾਰ ਤੁਹਾਡੇ ਦੁਆਰਾ ਉਨ੍ਹਾਂ ਸੰਭਾਲ ਅਭਿਆਸਾਂ ਜਾਂ ਗਤੀਵਿਧੀਆਂ ਦੀ ਚੋਣ ਕਰ ਲੈਣ ਤੋਂ ਬਾਅਦ ਜੋ ਤੁਹਾਡੀਆਂ ਲੋੜਾਂ ਦੇ ਅਨੁਕੂਲ ਹੋਣ ਅਤੇ ਜੇਕਰ ਤੁਹਾਡੀ ਅਰਜ਼ੀ ਵਿੱਤ ਪ੍ਰਦਾਨ ਕਰਨ ਲਈ ਚੁਣੀ ਜਾਂਦੀ ਹੈ, ਤਾਂ EQIP ਇਸ ਉਮੀਦ ਨਾਲ ਤੁਹਾਡੀ ਜ਼ਮੀਨ 'ਤੇ ਇਹਨਾਂ ਅਭਿਆਸਾਂ ਨੂੰ ਲਾਗੂ ਕਰਨ ਲਈ ਭੁਗਤਾਨ ਦੀ ਪੇਸ਼ਕਸ਼ ਕਰਦਾ ਹੈ ਕਿ ਤੁਸੀਂ ਉਮੀਦ ਕੀਤੇ ਜੀਵਨ ਕਾਲ ਲਈ ਅਭਿਆਸਾਂ ਨੂੰ ਕਾਇਮ ਰੱਖਦੇ ਹੋਏ ਕੰਮ ਕਰੋਗੇ।

## EQIP ਇਕਰਾਰਨਾਮਾ ਕਿੰਨੇ ਚਿਰ ਦਾ ਹੁੰਦਾ ਹੈ?

EQIP ਇਕਰਾਰਨਾਮੇ ਦਾ ਸਮਾਂ ਤੁਹਾਡੇ ਟੀਚਿਆਂ ਅਤੇ ਸਮਾਂ-ਰੇਖਾ ਦੇ ਆਧਾਰ 'ਤੇ ਵੱਖ-ਵੱਖ ਹੋ ਸਕਦਾ ਹੈ, ਪਰ ਇਹ 10 ਸਾਲਾਂ ਤੋਂ ਵੱਧ ਨਹੀਂ ਹੋ ਸਕਦਾ ਹੈ।

## EQIP ਯੋਗਤਾ

### ਜਮੀਨ ਯੋਗਤਾ

### ਸਵਾਲ: ਕਿਹੜੀਆਂ ਜ਼ਮੀਨਾਂ EQIP ਲਈ ਯੋਗ ਹਨ?

ਜਵਾਬ: ਫਾਰਮ ਬਿੱਲ ਦੇ ਪ੍ਰੋਗਰਾਮਾਂ ਵਿੱਚ ਯੋਗਤਾ ਦੇ ਉਦੇਸ਼ਾਂ ਲਈ, NRCS ਉਸ ਕਿਸੇ ਵੀ ਜ਼ਮੀਨ ਨੂੰ ਯੋਗ ਜ਼ਮੀਨ ਦੇ ਤੌਰ 'ਤੇ ਮੰਨਦੀ ਹੈ ਜਿਸ 'ਤੇ ਖੇਤੀਬਾੜੀ ਦੀਆਂ ਜਿੰਸਾਂ, ਪਸ਼ੂ ਧਨ ਜਾਂ ਜੰਗਲਾਤ ਸਬੰਧਤ ਉਤਪਾਦ ਪੈਦਾ ਕੀਤੇ ਜਾਂਦੇ ਹਨ।

ਉਸ ਜ਼ਮੀਨ ਵਿੱਚ ਫਸਲ ਵਾਲੀ ਜ਼ਮੀਨ, ਰੇਂਜ ਲੈਂਡ, ਚਾਰਾਗਾਹ ਦੀ ਜ਼ਮੀਨ, ਗੈਰ-ਉਦਯੋਗਿਕ ਨਿੱਜੀ ਜੰਗਲਾਤ ਜ਼ਮੀਨ ਅਤੇ ਹੋਰ ਖੇਤ ਜਾਂ ਖੇਤਾਂ ਦੀਆਂ ਜ਼ਮੀਨਾਂ ਸ਼ਾਮਲ ਹੋ ਸਕਦੀਆਂ ਹਨ।

EQIP ਦੀ ਘੱਟੋ-ਘੱਟ ਰਕਬੇ ਦੀ ਕੋਈ ਜ਼ਰੂਰਤ ਨਹੀਂ ਹੈ; ਹਾਲਾਂਕਿ, EQIP ਇੱਕ ਪ੍ਰਤੀਯੋਗੀ ਪ੍ਰੋਗਰਾਮ ਹੈ ਜੋ ਸੰਬੋਧਿਤ ਕੀਤੇ ਜਾਣ ਵਾਲੇ ਸਰੋਤ ਚਿੰਤਾਵਾਂ ਅਤੇ ਹੋਰ ਕਾਰਕਾਂ ਦੇ ਅਧਾਰ 'ਤੇ ਅੰਕ ਪ੍ਰਦਾਨ ਕਰਦਾ ਹੈ।

### ਉਤਪਾਦਕ ਦੀ ਯੋਗਤਾ

### ਸਵਾਲ: EQIP ਲਈ ਅਰਜ਼ੀ ਦੇਣ ਦੇ ਯੋਗ ਕੌਣ ਹੈ?

ਜਵਾਬ: ਬਿਨੈਕਾਰਾਂ ਵਿੱਚ ਵਿਅਕਤੀ, ਕਾਨੂੰਨੀ ਸੰਸਥਾਵਾਂ, ਸੰਯੁਕਤ ਕਾਰਜ ਸੰਚਾਲਨ ਜਾਂ ਭਾਰਤੀ ਜਨਜਾਤੀਆਂ ਸ਼ਾਮਲ ਹੋ ਸਕਦੀਆਂ ਹਨ ਜਿਨ੍ਹਾਂ ਕੋਲ ਜ਼ਮੀਨ ਦਾ ਨਿਯੰਤਰਣ ਹੈ ਅਤੇ ਵਰਤਮਾਨ ਵਿੱਚ ਇਸਦਾ ਪ੍ਰਬੰਧਨ ਖੇਤੀਬਾੜੀ, ਜੰਗਲਾਤ ਅਤੇ ਪਸ਼ੂਆਂ ਦੇ ਉਤਪਾਦਨ ਲਈ ਕਰਦੇ ਹਨ।

## ਵਿਸ਼ੇਸ਼ EQIP ਪਹਿਲਕਦਮ

EQIP ਕੋਲ ਪੂਰੇ ਦੇਸ਼ ਵਿੱਚ, ਸਥਾਨਕ ਪੱਧਰ 'ਤੇ ਜ਼ਮੀਨ 'ਤੇ ਟੀਚਾਬੱਧ ਸੰਭਾਲ ਲਈ ਇੱਕ ਵਿਆਪਕ ਡਿਲੀਵਰੀ ਸਿਸਟਮ (ਵਿਤਰਣ ਪ੍ਰਣਾਲੀ) ਹੈ।



EQIP ਸਭ ਤੋਂ ਸੰਵੇਦਨਸ਼ੀਲ ਜ਼ਮੀਨਾਂ ਅਤੇ ਉੱਚ ਤਰਜੀਹ ਵਾਲੇ ਵਾਟਰਸ਼ੈੱਡਾਂ 'ਤੇ ਤਰਜੀਹੀ ਕੁਦਰਤੀ ਸਰੋਤ ਚਿੰਤਾਵਾਂ ਨੂੰ ਹੱਲ ਕਰਨ ਲਈ ਹੇਠ ਲਿਖੀਆਂ ਪਹਿਲਕਦਮੀਆਂ ਰਾਹੀਂ ਸੰਭਾਲ ਨੂੰ ਟੀਚਾ ਬਣਾਉਂਦਾ ਹੈ:

- ਹਾਈ ਟਨਲ ਪਹਿਲਕਦਮੀ
- ਆਰਗੈਨਿਕ ਪਹਿਲਕਦਮੀ
- ਹਵਾ ਗੁਣਵੱਤਾ ਪਹਿਲਕਦਮੀ
- ਫਾਰਮ ਊਰਜਾ 'ਤੇ ਪਹਿਲਕਦਮੀ

## EQIP ਭੁਗਤਾਨ

### ਸਵਾਲ: EQIP ਰਾਹੀਂ ਕਿਸ ਕਿਸਮ ਦੇ ਭੁਗਤਾਨਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ?

ਜਵਾਬ: EQIP ਉਨ੍ਹਾਂ ਅਭਿਆਸਾਂ ਅਤੇ ਗਤੀਵਿਧੀਆਂ ਲਈ ਭੁਗਤਾਨ ਕਰਨ ਦੀ ਪੇਸ਼ਕਸ਼ ਕਰਦਾ ਹੈ ਜਿਨ੍ਹਾਂ ਨੂੰ ਬਨਸਪਤਿਕ, ਢਾਂਚਾਗਤ ਅਤੇ ਪ੍ਰਬੰਧਨ ਅਭਿਆਸਾਂ ਵਜੋਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ।

ਉਤਪਾਦਕ ਤਕਨੀਕੀ ਸੇਵਾ ਪ੍ਰਦਾਤਾ ਰਾਹੀ ਸੰਭਾਲ ਗਤੀਵਿਧੀ ਯੋਜਨਾਵਾਂ ਲਈ ਵੀ ਅਰਜ਼ੀ ਦੇ ਸਕਦੇ ਹਨ।

**ਇਤਿਹਾਸਕ ਤੌਰ 'ਤੇ ਘੱਟ ਸੇਵਾ ਪ੍ਰਦਾਨ ਕੀਤੇ (HU) ਭਾਗੀਦਾਰ:**

ਇਤਿਹਾਸਕ ਤੌਰ 'ਤੇ ਘੱਟ ਸੇਵਾ ਪ੍ਰਦਾਨ ਕੀਤੇ ਭਾਗੀਦਾਰ ਮਾਲ ਜਾਂ ਸੇਵਾਵਾਂ ਨੂੰ ਖਰੀਦਣ ਦੀਆਂ ਲਾਗਤਾਂ ਨੂੰ ਪੂਰਾ ਕਰਨ ਵਿੱਚ ਮਦਦ ਪ੍ਰਾਪਤ ਕਰਨ ਲਈ ਵਧੀ ਹੋਈ ਭੁਗਤਾਨ ਦਰਾਂ ਅਤੇ ਪੇਸ਼ਗੀ ਭੁਗਤਾਨਾਂ ਲਈ ਯੋਗ ਹਨ। HU ਭਾਗੀਦਾਰਾਂ ਵਿੱਚ ਸਮਾਜਿਕ ਤੌਰ 'ਤੇ ਵਾਂਝੇ, ਸ਼ੁਰੂਆਤੀ, ਅਨੁਭਵੀ ਅਤੇ ਸੀਮਤ ਸਰੋਤ ਵਾਲੇ ਕਿਸਾਨ ਅਤੇ ਪਸ਼ੂ ਪਾਲਕ ਸ਼ਾਮਲ ਹਨ।

- **ਸਮਰਪਿਤ ਫੰਡ** – EQIP ਫੰਡਾਂ ਦਾ ਘੱਟੋ-ਘੱਟ 10 ਪ੍ਰਤੀਸ਼ਤ ਸਮਾਜਿਕ ਤੌਰ 'ਤੇ ਵਾਂਝੇ ਅਤੇ ਸ਼ੁਰੂਆਤੀ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਸਮਰਪਿਤ ਕੀਤਾ ਜਾਂਦਾ ਹੈ।
- **ਉੱਚ ਭੁਗਤਾਨ ਦਰਾਂ** – ਮਿਆਰੀ ਅਭਿਆਸ ਭੁਗਤਾਨ ਦਰਾਂ ਨਾਲੋਂ 25 ਪ੍ਰਤੀਸ਼ਤ ਵੱਧ।
- **ਵੈਟਰਨ ਪ੍ਰੈਫਰੈਂਸ** – ਯੋਗ ਅਨੁਭਵੀ (ਵੈਟਰਨ) ਜੋ ਸ਼ੁਰੂਆਤ ਵਿੱਚ ਜਾਂ ਸਮਾਜਿਕ ਤੌਰ 'ਤੇ ਵਾਂਝੇ ਕਿਸਾਨਾਂ ਅਤੇ ਪਸ਼ੂ ਪਾਲਕਾਂ ਦੇ ਫੰਡਿੰਗ ਪੂਲ ਵਿੱਚ ਮੁਕਾਬਲਾ ਕਰਦੇ ਹਨ ਅਤੇ ਤਰਜੀਹੀ ਅੰਕ ਪ੍ਰਾਪਤ ਕਰਦੇ ਹਨ।

### ਸਵਾਲ: ਭੁਗਤਾਨ ਕਦੋਂ ਕੀਤੇ ਜਾਂਦੇ ਹਨ?

ਜਵਾਬ: ਆਮ EQIP ਭੁਗਤਾਨ ਪ੍ਰਕਿਰਿਆ ਹੇਠ, ਉਤਪਾਦਕ ਨੂੰ ਸੰਭਾਲ ਅਭਿਆਸ ਨੂੰ NRCS ਮਾਪਦੰਡਾਂ ਅਤੇ ਵਿਸ਼ੇਸ਼ ਵੇਰਵਿਆਂ ਨੂੰ ਪੂਰਾ ਕਰਨ ਦੇ ਤੌਰ 'ਤੇ ਪ੍ਰਮਾਣਿਤ ਕੀਤੇ ਜਾਣ ਤੋਂ ਬਾਅਦ ਹੀ ਭੁਗਤਾਨ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਦਾ ਮਤਲਬ ਅਕਸਰ ਇਹ ਹੁੰਦਾ ਹੈ ਕਿ ਉਦੋਂ ਤੱਕ ਉਤਪਾਦਕਾਂ ਨੂੰ ਆਪਣੇ ਫੰਡ ਨਾਲ ਅਗਾਊਂ ਲਾਗਤਾਂ ਦਾ ਭੁਗਤਾਨ ਕਰਨਾ ਪਵੇਗਾ , ਜਦੋਂ ਤੱਕ ਕਿ ਭਾਗੀਦਾਰ ਪੇਸ਼ਗੀ ਭੁਗਤਾਨ ਵਿਕਲਪ ਦੀ ਚੋਣ ਨਹੀਂ ਕਰਦਾ।

### ਸਵਾਲ: ਕੀ ਮੈਨੂੰ ਮੇਰੇ ਭੁਗਤਾਨਾਂ ਤੇ ਆਮਦਨ ਟੈਕਸ ਦਾ ਭੁਗਤਾਨ ਕਰਨਾ ਹੋਵੇਗਾ?

ਜਵਾਬ: ਹਾਂ। NRCS ਦੁਆਰਾ ਤੁਹਾਨੂੰ ਕੀਤੇ ਗਏ ਸਾਰੇ ਭੁਗਤਾਨਾਂ ਦੀ ਰਿਪੋਰਟ ਅੰਦਰੂਨੀ ਮਾਲੀਆ ਸੇਵਾ (ਇੰਟਰਨਲ ਰੈਵੇਨਿਯੂ ਸਰਵਿਸ) ਨੂੰ ਕੀਤੀ ਜਾਂਦੀ ਹੈ ਅਤੇ ਲਾਗੂ ਟੈਕਸ ਸਾਲ ਲਈ ਤੁਹਾਡੀ ਟੈਕਸ ਰਿਟਰਨ ਵਿੱਚ ਆਮਦਨੀ ਵਜੋਂ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ। ਤੁਸੀਂ ਆਪਣੀ ਟੈਕਸ ਰਿਟਰਨ ਤੇ EQIP ਭੁਗਤਾਨਾਂ ਦੀ ਰਿਪੋਰਟ ਕਰਨ ਲਈ ਇੱਕ ਫਾਰਮ 1099 ਪ੍ਰਾਪਤ ਕਰੋਗੇ।

## EQIP ਅਰਜ਼ੀ ਅਤੇ ਮੁਲਾਂਕਣ

### ਸਵਾਲ: ਮੈਂ EQIP ਲਈ ਅਰਜ਼ੀ ਕਿਵੇਂ ਦੇਵਾਂ?

ਜਵਾਬ: ਆਪਣੇ ਸਥਾਨਕ USDA ਖੇਤਰੀ ਦਫਤਰ ਨਾਲ ਸੰਪਰਕ ਕਰੋ ਅਤੇ ਉਹਨਾਂ ਨੂੰ ਦੱਸੋ ਕਿ ਤੁਸੀਂ EQIP ਵਿੱਚ ਦਿਲਚਸਪੀ ਰੱਖਦੇ ਹੋ। ਤੁਹਾਡੀ ਯੋਗਤਾ ਨਿਰਧਾਰਤ ਕਰਨ ਲਈ ਇੱਕ ਸੁਰੱਖਿਆ ਯੋਜਨਾਕਾਰ ਤੁਹਾਡੇ ਨਾਲ ਕੰਮ ਕਰੇਗਾ।

NRCS ਸਾਲ ਭਰ EQIP ਦੀਆਂ ਅਰਜ਼ੀਆਂ ਪ੍ਰਵਾਣ ਕਰਦੀ ਹੈ ਅਤੇ ਮੁਕਾਬਲੇਬਾਜ਼ੀ ਵਾਲੇ ਅਮਲ ਰਾਹੀਂ ਰਕਮਾਂ ਮੁਹੱਈਆ ਕਰਦੀ ਹੈ।

ਵਿੱਤ ਲਈ ਅਰਜ਼ੀਆਂ ਦਾ ਮੁਲਾਂਕਣ ਕਰਨ ਲਈ ਰਾਜ-ਵਿਸ਼ੇਸ਼ ਐਪਲੀਕੇਸ਼ਨ ਕੱਟ-ਆਫ ਤਾਰੀਖਾਂ ਸੈੱਟ ਕੀਤੀਆਂ ਗਈਆਂ ਹਨ। ਕੱਟ-ਆਫ ਤਾਰੀਖਾਂ nrcs.usda.gov/statecutoffdates 'ਤੇ ਮਿਲ ਸਕਦੀਆਂ ਹਨ। ਜੇਕਰ ਤੁਸੀਂ ਅਰਜ਼ੀ ਜਮ੍ਹਾਂ ਕਰਨ ਦੀ ਅੰਤਮ ਤਾਰੀਖ ਤੋਂ ਬਾਅਦ ਅਰਜ਼ੀ ਜਮ੍ਹਾਂ ਕਰਦੇ ਹੋ, ਤਾਂ ਤੁਹਾਡੀ ਅਰਜ਼ੀ ਆਪਣੇ ਆਪ ਅਗਲੇ ਫੰਡਿੰਗ ਚੱਕਰ ਲਈ ਮੁਲਤਵੀ ਕਰ ਦਿੱਤੀ ਜਾਵੇਗੀ।

ਜੇ ਤੁਸੀਂ USDA ਨਾਲ ਕੰਮ ਕਰਨ ਲਈ ਨਵੇਂ ਹੋ, ਤਾਂ ਤੁਹਾਨੂੰ ਫਾਰਮ ਸੇਵਾ ਏਜੰਸੀ (FSA) ਦੇ ਨਾਲ ਆਪਣਾ ਫਾਰਮ ਰਿਕਾਰਡ ਸਥਾਪਿਤ ਕਰਨ ਦੀ ਜ਼ਰੂਰਤ ਹੋਵੇਗੀ। ਫਾਰਮ ਰਿਕਾਰਡ ਸਥਾਪਿਤ ਕਰਨ ਲਈ ਕਈ ਫਾਰਮਾਂ ਅਤੇ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ, ਇਸ ਲਈ ਜਿੰਨੀ ਜਲਦੀ ਹੋ ਸਕੇ ਆਪਣੇ FSA ਦਫਤਰ ਨਾਲ ਮੁਲਾਕਾਤ ਦਾ ਸਮਾਂ ਨਿਰਧਾਰਤ ਕਰੋ।

### ਸਵਾਲ: EQIP ਅਰਜ਼ੀਆਂ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ?

ਜਵਾਬ: ਇੱਕ ਵਾਰ ਜਦੋਂ NRCS ਤੁਹਾਡੇ ਸੰਚਾਲਨ ਦਾ ਮੁਲਾਂਕਣ ਪੂਰਾ ਕਰ ਲੈਂਦੀ ਹੈ ਅਤੇ ਤੁਸੀਂ ਉਨ੍ਹਾਂ ਸੰਭਾਲ ਅਭਿਆਸਾਂ ਜਾਂ ਗਤੀਵਿਧੀਆਂ ਦੀ ਚੋਣ ਕਰ ਲੈਂਦੇ ਹੋ ਜਿਨ੍ਹਾਂ ਨੂੰ ਤੁਸੀਂ ਲਾਗੂ ਕਰਨਾ ਚਾਹੁੰਦੇ ਹੋ, ਤਾਂ NRCS ਇਹ ਨਿਰਧਾਰਤ ਕਰਨ ਲਈ ਤੁਹਾਡੀ ਅਰਜ਼ੀ ਨੂੰ ਦਰਜਾ ਦੇਵੇਗੀ ਕਿ ਤੁਹਾਡੀ ਮੌਜੂਦਾ ਅਤੇ ਭਵਿੱਖ ਦੀ ਪ੍ਰਬੰਧਨ ਪ੍ਰਣਾਲੀ ਰਾਸ਼ਟ੍ਰੀ, ਰਾਜ ਅਤੇ ਸਥਾਨਕ ਕੁਦਰਤੀ ਸਰੋਤ ਤਰਜੀਹਾਂ ਨੂੰ ਕਿੰਨੀ ਚੰਗੀ ਤਰ੍ਹਾਂ ਹੱਲ ਕਰੇਗੀ।

NRCS ਤੁਹਾਡੀ ਅਰਜ਼ੀ ਨੂੰ ਉਸੇ ਰੈਂਕਿੰਗ ਪੂਲ ਵਿੱਚ ਹੋਰ ਸਮਾਨ ਯੋਗ ਅਰਜ਼ੀਆਂ ਨਾਲ ਦਰਜਾ ਦੇਵੇਗੀ ਅਤੇ ਸਭ ਤੋਂ ਵੱਧ ਸਕੋਰ ਕਰਨ ਵਾਲੀਆਂ ਅਰਜ਼ੀਆਂ ਨੂੰ ਇਕਰਾਰਨਾਮਾ ਪੇਸ਼ਕਸ਼ ਪਹਿਲਾਂ ਪ੍ਰਾਪਤ ਹੁੰਦੀਆਂ ਹਨ।